# ਅਧਿਆਇ 37

# ਡੇਹਰੇ ਦੀ ਬਣਤਰ (ਭਾਗ 2)

ਅਧਿਆਇ 37 ਡੇਹਰੇ ਦੀ ਬਣਤਰ ਦੇ ਵਿਰਤਾਂਤ ਨੂੰ ਜਾਰੀ ਰੱਖਦਾ ਹੈ ਜਿਹੜਾ ਅਧਿਆਇ 36 ਵਿਚ ਸ਼ੁਰੂ ਹੋਇਆ ਸੀ। ਇਹ ਅਧਿਆਇ ਵਰਣਨ ਕਰਦਾ ਹੈ ਕਿ ਕਿਵੇਂ ਬਸਲਏਲ ਨੇ ਡੇਹਰੇ ਦਾ ਸਮਾਨ - ਪਵਿੱਤਰ ਚੀਜ਼ਾਂ ਜਿਹੜੀਆਂ ਤੰਬੂ ਦੇ ਅੰਦਰ ਰੱਖੀਆਂ ਗਈਆਂ ਸਨ - ਬਣਾਇਆ ਸੀ। ਇਹ ਅਧਿਆਇ ਪਹਿਲਾਂ ਉਨ੍ਹਾਂ ਵਸਤੂਆਂ ਦੇ ਬਣਾਉਣ ਬਾਰੇ ਦੱਸਦਾ ਹੈ ਜੋ ਅੱਤ ਪਵਿੱਤਰ ਅਸਥਾਨ ਵਿਚ ਰੱਖੀਆਂ ਜਾਣਗੀਆਂ: ਨੇਮ ਦਾ ਸੰਦੂਕ (37:1-5) ਅਤੇ ਸੰਦੂਕ ਦੇ ਉੱਤੇ ਸਥਿਤ ਪਰਾਸਚਿਤ ਦਾ ਸਰਪੋਸ਼ (37:6-9)। ਫਿਰ ਇਹ ਦੱਸਦਾ ਹੈ ਕਿ ਪਵਿੱਤਰ ਅਸਥਾਨ ਵਿਚ ਤਿੰਨ ਚੀਜ਼ਾਂ ਕਿਵੇਂ ਬਣਾਈਆਂ ਗਈਆਂ ਸਨ, ਉਨ੍ਹਾਂ ਦੇ ਭਾਂਡਿਆਂ ਦੇ ਨਾਲ: ਹਜ਼ੂਰੀ ਦੀ ਰੋਟੀ ਰੱਖਣ ਵਾਲੀ ਮੇਜ਼ (37:10-16), ਸ਼ਮਾਦਾਨ (37:17-24) ਅਤੇ ਧੂਪ ਦੀ ਇੱਕ ਜਗਵੇਦੀ (37:25-28)। ਇਹ ਅਧਿਆਇ ਇਹ ਕਹਿਣ ਦੁਆਰਾ ਖਤਮ ਹੁੰਦਾ ਹੈ ਕਿ ਬਸਲਏਲ ਨੇ ਮਸਹ ਕਰਨ ਦਾ ਪਵਿੱਤ੍ਰ ਤੇਲ ਅਤੇ ਨਿਰੋਲ ਸੁਗੰਧੀ ਧੂਪ ਵੀ ਬਣਾਈ (37:29)।

ਡੇਹਰੇ ਨੂੰ ਬਣਾਉਣ ਦਾ ਵਿਰਤਾਂਤ ਇਸ ਨੂੰ ਬਣਾਉਣ ਲਈ ਦਿੱਤੀਆਂ ਗਈਆਂ ਹਦਾਇਤਾਂ ਤੋਂ ਕ੍ਰਮਵਾਰ ਵੱਖਰਾ ਹੈ। ਯਹੋਵਾਹ ਨੇ ਤੰਬੂ ਦੀਆਂ ਚੀਜ਼ਾਂ ਨੂੰ ਬਣਾਉਣ ਦੇ ਲਈ ਹਦਾਇਤਾਂ ਦਿੱਤੀਆਂ ਸਨ (25:10-40), ਇਸ ਤੋਂ ਪਹਿਲਾਂ ਕਿ ਉਸ ਨੇ ਇਹ ਦੱਸਿਆ ਕਿ ਇਸ ਤੰਬੂ ਨੂੰ ਕਿਵੇਂ ਬਣਾਇਆ ਜਾਣਾ ਸੀ (26:1-37)। ਬਣਤਰ ਦੇ ਵਿਰਤਾਂਤ ਵਿਚ, ਤੰਬੂ ਪਹਿਲਾਂ ਆਉਂਦਾ ਹੈ (36:8-38) ਅਤੇ ਇਸ ਦਾ ਸਮਾਨ ਬਾਅਦ ਵਿਚ (37:1-29)।

ਫ਼ਰਕ ਕਿਉਂ ਹੈ? ਪਰਤੱਖ ਰੂਪ ਵਿਚ, ਹਦਾਇਤਾਂ ਉਸ ਤੱਤ ਤੋਂ ਸ਼ੁਰੂ ਹੁੰਦੀਆਂ ਹਨ ਜਿਹੜਾ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਸਭ ਤੋਂ ਜ਼ਿਆਦਾ ਮਹੱਤਵਪੂਰਣ ਹੈ - ਨੇਮ ਦਾ ਸੰਦੂਕ ਅਤੇ ਪਰਾਸਚਿਤ ਦਾ ਸਰਪੋਸ਼ ਜੋ ਕਿ ਪਰਮੇਸ਼ੁਰ ਦੀ ਹਜ਼ੂਰੀ ਦੇ ਪ੍ਰਤੀਕ ਸਨ।[1] ਅਸਲ ਬਣਤਰ ਦੀ ਵਿਆਖਿਆ ਵਿਚ, ਵਿਹਾਰਕ ਅਤੇ ਤਰਕਪੂਰਣ ਵਿਚਾਰ ਸਭ ਤੋਂ ਮਹੱਤਵਪੂਰਣ ਹਨ: ਉਦਾਹਰਣ ਦੇ ਲਈ, ਇਸ ਤੋਂ ਪਹਿਲਾਂ ਕਿ ਸੰਦੂਕ ਬਣਾਇਆ ਜਾਂਦਾ, ਇਸ ਨੂੰ ਰੱਖਣ ਦੇ ਲਈ ਥਾਂ ਦੀ ਲੋੜ ਸੀ। ਇਸ ਲਈ, ਡੇਹਰੇ ਨੂੰ ਬਣਾਉਣ ਦਾ ਵਿਰਤਾਂਤ ਇਸ ਦੇ ਸਮਾਨ ਨੂੰ ਬਣਾਉਣ ਦੇ ਵਿਰਤਾਂਤ ਤੋਂ ਪਹਿਲਾਂ ਆਉਂਦਾ ਹੈ।

ਜੌਨ ਆਈ. ਡਰਹਮ ਨੇ ਇਕ ਵਿਕਲਪਕ ਵਿਚਾਰ ਪੇਸ਼ ਕੀਤਾ ਸੀ ਜਿਸ ਦੇ ਵਿਚ ਡੇਹਰੇ ਦੀ ਬਣਤਰ (36:8-38) ਅਤੇ ਇਸ ਨੂੰ ਖੜ੍ਹਾ ਕਰਨ (40:1-33) ਦੇ ਵਿਰਤਾਂਤਾਂ ਨੂੰ ਕਹਾਣੀ ਨੂੰ ਬਰਾਬਰ ਸਮਝਣ ਦੇ ਲਈ ਜਾਣਬੁੱਝ ਕੇ ਇਸ ਤਰੀਕੇ ਨਾਲ ਲਗਾਇਆ ਗਿਆ ਸੀ। ਇਸ ਤੋਂ ਇਲਾਵਾ, ਯੋਗਦਾਨ ਵਿਚ ਇਸਰਾਏਲੀਆਂ ਦਾ ਜਵਾਬ (35:4-36:7) ਅਤੇ ਉਸ ਦੇ ਹੁਕਮਾਂ ਨੂੰ ਪੂਰਾ ਕਰਨ ਵਿਚ ਯਹੋਵਾਹ ਦਾ ਜਵਾਬ (40:34-38) ਬਾਹਰੀ ਬਰੈਕਟਾਂ ਦਾ ਕੰਮ ਕਰਦੇ ਹਨ।[2]

## ਨੇਮ ਦਾ ਸੰਦੂਕ (37:1-5)


**1ਬਸਲਏਲ ਨੇ ਸ਼ਿੱਟੀਮ ਦੀ ਲੱਕੜੀ ਦਾ ਇੱਕ ਸੰਦੂਕ ਬਣਾਇਆ ਜਿਹ ਦੀ ਲੰਬਾਈ ਢਾਈ ਹੱਥ**
**ਚੁੜਾਈ ਡੂਢ ਹੱਥ ਅਤੇ ਉਚਾਈ ਡੂਢ ਹੱਥ ਸੀ। 2ਅਤੇ ਉਸ ਨੇ ਉਸ ਨੂੰ ਅੰਦਰੋਂ ਬਾਹਰੋਂ ਕੁੰਦਨ ਸੋਨੇ**
**ਨਾਲ ਮੜ੍ਹਿਆ ਅਰ ਉਸ ਦੇ ਉੱਤੇ ਚੁਫੇਰੇ ਸੋਨੇ ਦੀ ਬਨੇਰੀ ਬਣਾਈ। 3ਅਤੇ ਉਸ ਦੇ ਲਈ ਸੋਨੇ ਦੇ**
**ਚਾਰ ਕੜੇ ਢਾਲ ਕੇ ਉਸ ਦੀਆਂ ਚੌਹਾਂ ਨੁੱਕਰਾਂ ਉੱਤੇ ਬਣਾਏ ਅਰਥਾਤ ਦੋ ਕੜੇ ਇੱਕ ਪਾਸੇ ਅਤੇ ਦੋ**
**ਕੜੇ ਦੂਜੇ ਪਾਸੇ। 4ਅਰ ਉਸ ਨੇ ਸ਼ਿੱਟੀਮ ਦੀ ਲੱਕੜੀ ਦੀਆਂ ਚੋਬਾਂ ਬਣਾਈਆਂ ਅਤੇ ਉਨ੍ਹਾਂ ਉੱਤੇ ਸੋਨਾ**
**ਮੜ੍ਹਿਆ। 5ਉਸ ਨੇ ਉਨ੍ਹਾਂ ਚੋਬਾਂ ਨੂੰ ਸੰਦੂਕ ਦੇ ਪਾਸਿਆਂ ਦੇ ਕੜਿਆਂ ਵਿੱਚ ਪਾਇਆ ਤਾਂ ਜੋ ਉਨ੍ਹਾਂ**
**ਨਾਲ ਸੰਦੂਕ ਚੁੱਕਿਆ ਜਾਵੇ।**

**ਆਇਤਾਂ 1-5.** ਤੰਬੂ ਦੀ ਬਣਤਰ ਦਾ ਵਰਣਨ ਕਰਨ ਤੋਂ ਬਾਅਦ (ਅਧਿਆਇ 36), ਲੇਖਕ ਇਸ ਦੀਆਂ ਚੀਜ਼ਾਂ ਦੇ ਬਣਾਉਣ ਦੇ ਬਾਰੇ ਦੱਸਦਾ ਹੈ। ਡੇਹਰੇ ਦੇ ਸਮਾਨ ਵਿਚ ਸਭ ਤੋਂ ਮਹੱਤਵਪੂਰਣ ਚੀਜ਼ **ਨੇਮ ਦਾ ਸੰਦੂਕ** ਸੀ, ਜੋ ਕਿ ਇਕ ਬਕਸਾ ਸੀ ਜਿਸ ਦੇ ਵਿਚ ਪੱਥਰ ਦੀਆਂ ਫੱਟੀਆਂ ਸਨ ਜਿਨ੍ਹਾਂ ਤੇ ਬਿਵਸਥਾ ਲਿਖੀ ਗਈ ਸੀ (25:16)। ਸੰਦੂਕ ਨੂੰ ਬਣਾਉਣ ਦੇ ਲਈ ਹਦਾਇਤਾਂ ਅਤੇ ਇਹ ਕਿਵੇਂ ਬਣਾਇਆ ਗਿਆ ਸੀ ਉਸ ਦੇ ਉੱਲੇਖ ਵਿਚਕਾਰ ਕੋਈ ਜ਼ਿਆਦਾ ਫ਼ਰਕ ਨਹੀਂ ਹੈ, ਸਿਵਾਏ ਇਸ ਦੇ ਕਿ ਪਹਿਲਾ ਵਿਰਤਾਂਤ ਦੱਸਦਾ ਹੈ ਕਿ ਸੰਦੂਕ ਵਿਚ ਕੀ ਸੀ ਅਤੇ ਬਾਅਦ ਵਾਲਾ ਵਿਰਤਾਂਤ ਇਸ ਦੇ ਬਾਰੇ ਨਹੀਂ ਦੱਸਦਾ। (25:10-16 ਤੇ ਟਿੱਪਣੀਆਂ ਵੇਖੋ।)

## ਪਰਾਸਚਿਤ ਦਾ ਸਰਪੋਸ਼ (37:6-9)

**6ਅਰ ਉਸ ਨੇ ਪਰਾਸਚਿਤ ਦਾ ਸਰਪੋਸ਼ ਕੁੰਦਨ ਸੋਨੇ ਦਾ ਬਣਾਇਆ ਜੇਹ ਦੀ ਲੰਬਾਈ ਢਾਈ**
**ਹੱਥ ਅਰ ਚੁੜਾਈ ਡੂਢ ਹੱਥ ਸੀ। 7ਅਤੇ ਉਸ ਨੇ ਸੋਨੇ ਦੇ ਦੋ ਕਰੂਬੀ ਬਣਾਏ। ਉਸ ਨੇ ਉਨ੍ਹਾਂ ਨੂੰ**
**ਘੜਕੇ ਪਰਾਸਚਿਤ ਦੇ ਸਰਪੋਸ਼ ਦੇ ਦੋਹਾਂ ਸਿਰਿਆਂ ਤੇ ਬਣਾਇਆ। 8ਇੱਕ ਕਰੂਬੀ ਇੱਕ ਸਿਰੇ ਤੇ**
**ਅਰ ਦੂਜਾ ਕਰੂਬੀ ਦੂਜੇ ਸਿਰੇ ਤੇ। ਉਸ ਨੇ ਕਰੂਬੀ ਪਰਾਸਚਿਤ ਦੇ ਸਰਪੋਸ਼ ਦੇ ਦੋਹਾਂ ਪਾਸਿਆਂ**
**ਉੱਤੇ ਉਸੇ ਤੋਂ ਬਣਾਏ। 9ਅਤੇ ਓਹ ਕਰੂਬੀ ਆਪਣੇ ਖੰਭ ਉਤਾਹਾਂ ਨੂੰ ਖਿੰਡਾਏ ਹੋਏ ਸਨ ਅਤੇ ਉਨ੍ਹਾਂ**
**ਦੇ ਖੰਭ ਪਰਾਸਚਿਤ ਦੇ ਸਰਪੋਸ਼ ਨੂੰ ਢੱਕਦੇ ਸਨ ਅਰ ਉਨ੍ਹਾਂ ਦੇ ਮੂੰਹ ਆਹਮੋ ਸਾਹਮਣੇ ਸਨ ਅਤੇ**
**ਕਰੂਬੀਆਂ ਦੇ ਮੂੰਹ ਪਰਾਸਚਿਤ ਦੇ ਸਰਪੋਸ਼ ਵੱਲ ਸਨ।**

**ਆਇਤਾਂ 6-9.** ਅੱਗੇ ਲਿਖਤ ਪਰਾਸਚਿਤ ਦਾ ਸਰਪੋਸ਼ ਬਣਾਉਣ ਦੀ ਗੱਲ ਕਰਦੀ ਹੈ, ਜਿਹੜਾ ਕਿ ਸੰਦੂਕ ਦੇ ਢੱਕਣ ਦੇ ਰੂਪ ਵਿਚ ਕੰਮ ਕਰਦਾ ਸੀ। ਹਰ ਸਿਰੇ ਤੇ, **ਪਰਾਸਚਿਤ ਦੇ ਸਰਪੋਸ਼ ਦੇ ਦੋਹਾਂ ਪਾਸਿਆਂ ਉੱਤੇ** ਇਕ **ਕਰੂਬੀ** ਸੀ। ਦੋਹਾਂ ਦੇ ਮੂੰਹ ਅੰਦਰ ਵੱਲ ਨੂੰ ਸਨ ਅਤੇ **ਉਨ੍ਹਾਂ ਦੇ ਖੰਭ ਪਰਾਸਚਿਤ ਦੇ ਸਰਪੋਸ਼** ਨੂੰ ਢੱਕਣੇ ਸਨ। **ਪਰਾਸਚਿਤ ਦਾ ਸਰਪੋਸ਼** ਅਤੇ **ਕਰੂਬੀ** ਦੋਵੇਂ **ਕੁੰਦਨ ਸੋਨੇ** ਦੇ ਬਣਾਏ ਗਏ ਸਨ। ਮੂਲ ਰੂਪ ਵਿਚ, ਪਰਾਸਚਿਤ ਦੇ ਸਰਪੋਸ਼ ਨੂੰ ਬਣਾਉਣ ਦੇ ਲਈ ਦਿੱਤੀਆਂ ਗਈਆਂ ਹਦਾਇਤਾਂ ਅਤੇ ਇਸ ਦੀ ਬਣਤਰ ਦੇ ਵਿਰਤਾਂਤ ਵਿਚਕਾਰ ਫ਼ਰਕ ਸਿਰਫ ਇਹ ਤੱਥ ਹੈ ਕਿ ਹਦਾਇਤਾਂ ਵਿਚ 25:22 ਵਿਚ ਪਰਾਸਚਿਤ ਦੇ ਸਰਪੋਸ਼ ਦੇ ਅਧਿਆਤਮਕ ਮਹੱਤਵ ਸੰਬੰਧੀ ਇਕ ਕਥਨ ਨੂੰ ਸ਼ਾਮਲ ਕੀਤਾ ਗਿਆ ਹੈ - ਉਹ ਕਥਨ ਜੋ ਇਸ ਦੇ ਬਣਾਉਣ ਦੇ ਉੱਲੇਖ ਵਿਚ ਨਹੀਂ ਮਿਲਦਾ। (25:17-22 ਤੇ ਟਿੱਪਣੀਆਂ ਵੇਖੋ।)



ਨੇਮ ਦੇ ਸੰਦੂਕ ਦਾ ਪ੍ਰਤੀਰੂਪ (ਟਿਮਨਾ ਪਾਰਕ, ਇਸਰਾਏਲ)

## ਹਜ਼ੂਰੀ ਦੀਆਂ ਰੋਟੀਆਂ ਰੱਖਣ ਵਾਲੀ ਮੇਜ਼ (37:10-16)

**10ਉਸ ਨੇ ਸ਼ਿੱਟੀਮ ਦੀ ਲੱਕੜੀ ਦੀ ਇੱਕ ਮੇਜ਼ ਬਣਾਈ। ਉਸ ਦੀ ਲੰਬਾਈ ਦੋ ਹੱਥ ਅਰ ਉਸ
ਦੀ ਚੁੜਾਈ ਇੱਕ ਹੱਥ ਅਰ ਉਸ ਦੀ ਉਚਾਈ ਡੂਢ ਹੱਥ ਸੀ। 11ਅਤੇ ਉਸ ਨੂੰ ਕੁੰਦਨ ਸੋਨੇ ਨਾਲ
ਮੜ੍ਹਿਆ ਅਰ ਉਸ ਦੇ ਚੁਫੇਰੇ ਸੋਨੇ ਦੀ ਬਨੇਰੀ ਬਣਾਈ। 12ਉਸ ਨੇ ਉਹ ਦੇ ਲਈ ਇੱਕ ਚੱਪਾ ਭਰ
ਕਨਾਰੀ ਚੁਫੇਰੇ ਬਣਾਈ ਅਤੇ ਉਸ ਨੇ ਸੋਨੇ ਦੀ ਬਨੇਰੀ ਕਨਾਰੀ ਦੇ ਚੁਫੇਰੇ ਬਣਾਈ। 13ਉਸ ਨੇ ਉਹ
ਦੇ ਲਈ ਸੋਨੇ ਦੇ ਚਾਰ ਕੜੇ ਢਾਲ ਕੇ ਬਣਾਏ ਅਰ ਉਸ ਨੇ ਉਨ੍ਹਾਂ ਕੜਿਆਂ ਨੂੰ ਉਹ ਦੇ ਚੌਹਾਂ ਖੂੰਜਿਆਂ
ਉੱਤੇ ਜਿਹੜੇ ਚੌਹਾਂ ਪਾਵਿਆਂ ਉੱਤੇ ਸਨ ਪਾ ਦਿੱਤਾ। 14ਕਨਾਰੀ ਦੇ ਕੋਲ ਹੀ ਕੜੇ ਸਨ ਅਤੇ ਓਹ ਮੇਜ਼
ਦੇ ਚੁੱਕਣ ਨੂੰ ਚੋਬਾਂ ਪਾਉਣ ਲਈ ਸਨ। 15ਅਰ ਓਹ ਚੋਬਾਂ ਸ਼ਿੱਟੀਮ ਦੀ ਲੱਕੜੀ ਤੋਂ ਬਣਾਈਆਂ ਅਤੇ
ਉਸ ਉਨ੍ਹਾਂ ਨੂੰ ਸੋਨੇ ਨਾਲ ਮੜ੍ਹਿਆ ਤਾਂ ਜੋ ਮੇਜ਼ ਚੁੱਕੀ ਜਾਵੇ। 16ਉਸ ਨੇ ਮੇਜ਼ ਦੇ ਉਤਲੇ ਭਾਂਡੇ ਕੁੰਦਨ
ਸੋਨੇ ਦੇ ਬਣਾਏ ਅਰਥਾਤ ਉਸ ਦੀਆਂ ਥਾਲੀਆਂ, ਚਮਚੇ, ਗਾਗਰਾਂ ਅਰ ਡੋਹਲਣ ਦੇ ਕਟੋਰੇ।**

ਅੱਤ ਪਵਿੱਤਰ ਅਸਥਾਨ ਦੇ ਲਈ ਸਮਾਨ ਨੂੰ ਬਣਾਉਣ ਦਾ ਵੇਰਵਾ ਦੇਣ ਤੋਂ ਬਾਅਦ, ਲੇਖਕ ਆਪਣਾ ਰੁਖ ਉਨ੍ਹਾਂ ਚੀਜ਼ਾਂ ਦੀ ਬਣਤਰ ਵੱਲ ਮੋੜਦਾ ਹੈ ਜੋ ਪਵਿੱਤਰ ਅਸਥਾਨ ਵਿਚ ਪਾਈਆਂ ਜਾਂਦੀਆਂ ਹਨ। ਹਰ ਇਕ ਪਵਿੱਤਰ ਚੀਜ਼ ਦਾ ਵਾਰੀ-ਵਾਰੀ ਸਿਰ ਵਰਣਨ ਕੀਤਾ ਗਿਆ ਹੈ: ਹਜ਼ੂਰੀ ਦੀ ਰੋਟੀ ਰੱਖਣ ਵਾਲੀ ਮੇਜ਼ (37:10-16), ਸੋਨੇ ਦਾ ਸ਼ਮਾਦਾਨ (37:17-24) ਅਤੇ ਧੂਪ ਦੀ ਇੱਕ ਜਗਵੇਦੀ (37:25-28)।

ਹਾਲਾਂਕਿ ਡੇਹਰੇ ਨੂੰ ਬਣਾਉਣ ਦੇ ਦੋ ਵਿਰਤਾਂਤ (ਹਦਾਇਤਾਂ ਅਤੇ ਬਣਤਰ) ਤਰਤੀਬ ਵਿਚ ਵੱਖਰੇ ਹਨ, ਵਿਅਕਤੀਗਤ ਚੀਜ਼ਾਂ ਆਮ ਤੌਰ ਤੇ ਇੱਕੋ ਤਰਤੀਬ ਵਿਚ ਜਾਪਦੀਆਂ ਹਨ। ਇਕ ਫ਼ਰਕ ਜ਼ਰੂਰ ਹੈ: ਇਨ੍ਹਾਂ ਚੀਜ਼ਾਂ ਨੂੰ ਬਣਾਉਣ ਦੇ ਲਈ ਦਿੱਤੀਆਂ ਗਈਆਂ ਹਦਾਇਤਾਂ ਵਿਚ, ਹਜ਼ੂਰੀ ਦੀ ਰੋਟੀ ਰੱਖਣ ਵਾਲੀ ਮੇਜ਼ ਅਤੇ ਸ਼ਮਾਦਾਨ (25:23-40) ਅਤੇ ਧੂਪ ਦੀ ਜਗਵੇਦੀ ਬਣਾਉਣ

ਵਿਚਕਾਰ ਕਈ ਅਧਿਆਵਾਂ ਦਾ ਫ਼ਰਕ ਹੈ (30:1-10)। ਤੁਲਨਾ ਵਿਚ, ਇਨ੍ਹਾਂ ਤਿੰਨੇ ਚੀਜ਼ਾਂ ਨੂੰ ਇਸ ਅਧਿਆਇ ਵਿਚ ਇਕੱਠਾ ਰੱਖਿਆ ਗਿਆ ਹੈ।

**ਆਇਤਾਂ 10-16.** ਪਵਿੱਤਰ ਅਸਥਾਨ ਲਈ ਜੋ ਪਹਿਲੀ ਚੀਜ਼ ਬਣਾਈ ਗਈ ਸੀ ਉਹ ਸੀ ਹਜ਼ੂਰੀ ਦੀ ਰੋਟੀ ਰੱਖਣ ਵਾਲੀ **ਮੇਜ਼**। ਸੰਦੂਕ ਦੇ ਵਾਂਗ, ਇਹ ਮੇਜ਼ **ਸ਼ਿੱਟੀਮ ਦੀ ਲੱਕੜੀ** ਦੀ ਬਣਾਈ ਗਈ ਅਤੇ ਇਸ ਨੂੰ **ਕੁੰਦਨ ਸੋਨੇ ਨਾਲ ਮੜ੍ਹਿਆ** (37:10, 11)। ਇਸ ਨੂੰ **ਕੜੇ** ਲੱਗੇ ਹੋਏ ਸਨ, ਤਾਂ ਕਿ ਇਸ ਨੂੰ **ਪਾਵਿਆਂ** ਨਾਲ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਇਆ ਜਾ ਸਕਦਾ (37:13-15)। ਮੇਜ਼ ਦੇ ਨਾਲ-ਨਾਲ, ਕਾਮਿਆਂ ਨੇ **ਭਾਂਡੇ** ਬਣਾਏ ਜਿਹੜੇ ਡੇਹਰੇ ਦੀਆਂ ਸੇਵਾਂ ਵਿਚ ਵਰਤੇ ਗਏ ਸਨ (37:16)।

ਮੇਜ਼ ਨੂੰ ਬਣਾਉਣ ਦੀ ਵਿਆਖਿਆ ਇਸ ਦੀ ਬਣਤਰ ਲਈ ਦਿੱਤੀਆਂ ਗਈਆਂ ਹਦਾਇਤਾਂ ਤੋਂ ਕੋਈ ਜ਼ਿਆਦਾ ਵੱਖਰੀ ਨਹੀਂ ਸੀ। ਪਰ, ਜਿਵੇਂ ਦੂਜੇ ਮਾਮਲਿਆਂ ਵਿਚ ਹੈ, ਸ਼ੁਰੂਆਤੀ ਯੋਜਨਾ ਵਿਚ 25:30 ਵਿਚ ਉਹ ਕਥਨ ਸ਼ਾਮਲ ਹੈ ਕਿ ਇਹ ਮੇਜ਼ ਕਿਵੇਂ ਵਰਤਿਆ ਜਾਣਾ ਸੀ, ਜਿਸ ਨੂੰ ਅੱਗੇ ਜਾ ਕਿ ਵਿਰਤਾਂਤ ਵਿਚ ਭੁਲਾ ਦਿੱਤਾ ਗਿਆ। (25:23-30 ਤੇ ਟਿੱਪਣੀਆਂ ਵੇਖੋ।)



ਹਜ਼ੂਰੀ ਦੀ ਰੋਟੀ ਰੱਖਣ ਵਾਲੀ ਮੇਜ਼ (ਟਿਮਨਾ ਪਾਰਕ, ਇਸਰਾਏਲ)

## ਕੁੰਦਨ ਸੋਨੇ ਦਾ ਸ਼ਮਾਦਾਨ (37:17-24)

**[17]ਉਸ ਨੇ ਸ਼ਮਾਦਾਨ ਕੁੰਦਨ ਸੋਨੇ ਦਾ ਬਣਾਇਆ ਅਤੇ ਉਹ ਸ਼ਮਾਦਾਨ ਘੜ ਕੇ ਬਣਾਇਆ। ਉਸ ਦਾ ਪਾਏਦਾਨ ਅਰ ਡੰਡਾ ਅਰ ਕਟੋਰੇ ਅਰ ਗੋਲੇ ਅਰ ਫੁੱਲ ਉਸ ਵਿੱਚੋਂ ਹੀ ਸਨ। [18]ਅਰ ਛੇ ਟਹਿਣੀਆਂ ਉਸ ਦੇ ਦੋਹਾਂ ਪਾਸਿਆਂ ਤੋਂ ਨਿੱਕਲਦੀਆਂ ਸਨ। ਸ਼ਮਾਦਾਨ ਦੇ ਇੱਕ ਪਾਸਿਓਂ ਤਿੰਨ ਟਹਿਣੀਆਂ ਅਤੇ ਸ਼ਮਾਦਾਨ ਦੇ ਦੂਜੇ ਪਾਸਿਓਂ ਤਿੰਨ ਟਹਿਣੀਆਂ। [19]ਇੱਕ ਟਹਿਣੀ ਉੱਤੇ ਤਿੰਨ ਕਟੋਰੇ ਬਦਾਮ ਦੇ ਫੁੱਲਾਂ ਵਰਗੇ ਅਤੇ ਗੋਲੇ ਅਰ ਫੁੱਲ ਅਰ ਦੂਜੀ ਟਹਿਣੀ ਉੱਤੇ ਤਿੰਨ ਕਟੋਰੇ ਬਦਾਮ ਦੇ**

**ਫੁੱਲਾਂ ਵਰਗੇ ਅਰ ਗੋਲੇ ਅਰ ਫੁੱਲ ਸਨ ਅਤੇ ਐਉਂ ਹੀ ਛੇਆਂ ਟਹਿਣੀਆਂ ਲਈ ਸੀ ਜਿਹੜੀਆਂ**
**ਸ਼ਮਾਦਾਨ ਤੋਂ ਨਿੱਕਲੀਆਂ ਸਨ। [20]ਅਤੇ ਸ਼ਮਾਦਾਨ ਵਿੱਚ ਚਾਰ ਕਟੋਰੇ ਬਦਾਮ ਦੇ ਫੁੱਲਾਂ ਵਰਗੇ ਅਤੇ**
**ਉਹ ਦੇ ਗੋਲੇ ਅਰ ਉਹ ਦੇ ਫੁੱਲ ਸਨ। [21]ਉਸ ਤੋਂ ਦੋਹਾਂ ਟਹਿਣੀਆਂ ਹੇਠ ਇੱਕ ਗੋਲਾ ਅਰ ਫੇਰ ਉਸ**
**ਤੋਂ ਦੋਹਾਂ ਟਹਿਣੀਆਂ ਹੇਠ ਇੱਕ ਗੋਲਾ ਅਤੇ ਉਸ ਤੋਂ ਫੇਰ ਦੋਹਾਂ ਟਹਿਣੀਆਂ ਹੇਠ ਇੱਕ ਗੋਲਾ ਐਉਂ**
**ਉਨ੍ਹਾਂ ਛੇਆਂ ਟਹਿਣੀਆਂ ਲਈ ਸੀ ਜਿਹੜੀਆਂ ਉਸ ਤੋਂ ਨਿੱਕਲਦੀਆਂ ਸਨ। [22]ਉਨ੍ਹਾਂ ਦੇ ਗੋਲੇ ਅਤੇ**
**ਉਨ੍ਹਾਂ ਦੀਆਂ ਟਹਿਣੀਆਂ ਉਸੇ ਤੋਂ ਸਨ ਅਰਥਾਤ ਏਹ ਸਾਰਾ ਘੜਿਆ ਹੋਇਆ ਕੁੰਦਨ ਸੋਨੇ ਦਾ ਇੱਕ**
**ਟੁਕੜੇ ਤੋਂ ਸੀ। [23]ਉਸ ਦੇ ਉਸ ਨੇ ਸੱਤ ਦੀਵੇ ਬਣਾਏ ਅਰ ਉਸ ਦੇ ਗੁਲਤਰਾਸ਼ ਅਤੇ ਉਸ ਦੇ**
**ਗੁਲਦਾਨ ਕੁੰਦਨ ਸੋਨੇ ਦੇ ਸਨ। [24]ਅਤੇ ਉਸ ਨੇ ਇੱਕ ਮਣ ਦੇ ਲਗ ਭਗ ਕੁੰਦਨ ਸੋਨੇ ਤੋਂ ਏਹ ਸਾਰੇ**
**ਭਾਂਡੇ ਬਣਾਏ।**

**ਆਇਤਾਂ 17-24.** ਅਗਲਾ ਸਮਾਨ ਜਿਹੜਾ ਬਸਲਏਲ ਨੇ ਪਵਿੱਤਰ ਅਸਥਾਨ ਦੇ ਲਈ ਬਣਾਇਆ ਸੀ ਉਹ ਸੀ **ਸ਼ਮਾਦਾਨ**। ਇਸ ਚੀਜ਼ ਦਾ ਹਵਾਲਾ ਅਕਸਰ ਇਬਰਾਨੀ ਸ਼ਬਦ מְנוֹרָה *(ਮੀਨੋਰਾਹ)* ਦੁਆਰਾ ਦਿੱਤਾ ਜਾਂਦਾ ਹੈ। ਪਵਿੱਤਰ ਅਸਥਾਨ ਵਿਚ ਦੂਜੀਆਂ ਚੀਜ਼ਾਂ ਤੋਂ ਭਿੰਨ, ਇਹ **ਕੁੰਦਨ ਸੋਨੇ** ਦਾ ਬਣਾਇਆ ਗਿਆ ਸੀ (37:17)। ਸ਼ਮਾਦਾਨ ਦੇ ਅੱਧ ਵਿਚਾਲੇ ਇਕ **ਡੰਡਾ** ਸੀ ਜਿਸ ਦੇ ਵਿੱਚੋਂ **ਛੇ ਟਹਿਣੀਆਂ** ਨਿੱਕਲਦੀਆਂ ਸਨ, ਹਰ **ਪਾਸਿਓਂ ਤਿੰਨ** (37:17, 18)। ਇਸ ਦੇ ਹਰੇਕ ਹਿੱਸੇ ਨੂੰ ਸੋਨੇ ਦੇ **ਗੋਲੇ** ਅਤੇ **ਫੁੱਲਾਂ** ਨਾਲ ਸਜਾਇਆ ਗਿਆ ਸੀ (37:19-22)। ਵਿਚਕਾਰਲਾ ਡੰਡਾ ਅਤੇ ਛੇ ਟਹਿਣੀਆਂ ਸੱਤ ਦੀਵਿਆਂ ਵਿਚ ਜਾ ਕੇ ਖਤਮ ਹੁੰਦਆਂ ਸਨ।

ਇਸਰਾਏਲੀਆਂ ਨੇ **ਸੱਤ ਦੀਵਿਆਂ**, **ਗੁਲਦਾਨਾਂ** ਅਤੇ ਸ਼ਮਾਦਾਨ ਦੇ ਸੰਬੰਧ ਵਿਚ ਲੋੜੀਂਦੇ ਹੋਰ **ਭਾਂਡੇ** ਬਣਾਉਣ ਦੇ ਲਈ **ਕੁੰਦਨ ਸੋਨੇ** ਦੀ ਵੀ ਵਰਤੋਂ ਕੀਤੀ ਸੀ (37:23, 24)। ਸ਼ਮਾਦਾਨ ਦਾ ਉਦੇਸ਼ - "ਆਹਮੋ ਸਾਹਮਣੇ ਚਾਨਣ ਦੇਣਾ ਸੀ" (25:37) - ਇਸ ਦੇ ਬਣਾਉਣ ਦੇ ਵਿਰਤਾਂਤ ਵਿਚ ਨਹੀਂ ਪਰ ਇਸ ਨੂੰ ਬਣਾਉਣ ਦੇ ਹੁਕਮ ਵਿਚ ਸਮਝਾਇਆ ਗਿਆ ਹੈ। (25:31-40 ਤੇ ਟਿੱਪਣੀਆਂ ਵੇਖੋ।)



ਸ਼ਮਾਦਾਨ ਦਾ ਪ੍ਰਤੀਰੂਪ (ਟਿਮਨਾ ਪਾਰਕ, ਇਸਰਾਏਲ)

## ਧੂਪ ਦੀ ਇੱਕ ਜਗਵੇਦੀ (37:25-28)

**[25]ਉਸ ਨੇ ਸ਼ਿੱਟੀਮ ਦੀ ਲੱਕੜੀ ਤੋਂ ਧੂਪ ਦੀ ਇੱਕ ਜਗਵੇਦੀ ਬਣਾਈ। ਉਸ ਦੀ ਲੰਬਾਈ ਇੱਕ ਹੱਥ ਉਸ ਦੀ ਚੁੜਾਈ ਇੱਕ ਹੱਥ ਅਤੇ ਉਹ ਚੌਰਸ ਸੀ ਅਤੇ ਦੋ ਹੱਥ ਉਸ ਦੀ ਉਚਾਈ ਸੀ ਅਤੇ ਉਸ ਦੇ ਸਿੰਙ ਉਸੇ ਤੋਂ ਸਨ। [26]ਉਸ ਨੇ ਉਹ ਨੂੰ ਖ਼ਾਲਸ ਸੋਨੇ ਨਾਲ ਮੜ੍ਹਿਆ ਅਰਥਾਤ ਉਹ ਦਾ ਉੱਪਰਲਾ ਪਾਸਾ ਅਤੇ ਉਹ ਦੇ ਚੁਫੇਰੇ ਇੱਕ ਸੋਨੇ ਦੀ ਬਨੇਰੀ ਬਣਾਈ। [27]ਅਤੇ ਉਸ ਲਈ ਸੋਨੇ ਦੇ ਦੋ ਕੜੇ ਉਸ ਦੀ ਬਨੇਰੀ ਦੇ ਹੇਠ ਉਸ ਦੇ ਦੋਹਾਂ ਪੱਲਿਆਂ ਉੱਤੇ ਅਤੇ ਉਸ ਦੀ ਦੋਹੀਂ ਪਾਸੀਂ ਬਣਾਏ। ਉਸ ਨੂੰ ਚੁੱਕਣ ਲਈ ਚੋਬਾਂ ਦੇ ਥਾਂ ਸਨ। [28]ਉਸ ਨੇ ਚੋਬਾਂ ਸ਼ਿੱਟੀਮ ਦੀ ਲੱਕੜੀ ਤੋਂ ਬਣਾਈਆਂ ਅਤੇ ਉਨ੍ਹਾਂ ਨੂੰ ਸੋਨੇ ਨਾਲ ਮੜ੍ਹਿਆ।**

**ਆਇਤਾਂ 25-28.** ਹਜ਼ੂਰੀ ਦੀ ਰੋਟੀ ਦੀ ਮੇਜ਼ ਦੇ ਵਾਂਗ, **ਧੂਪ ਦੀ ... ਜਗਵੇਦੀ** ਵੀ **ਸ਼ਿੱਟੀਮ ਦੀ ਲੱਕੜੀ** ਤੋਂ ਬਣਾਈ ਗਈ ਸੀ ਅਤੇ ਉਸ ਨੂੰ **ਖ਼ਾਲਸ ਸੋਨੇ** ਨਾਲ ਮੜ੍ਹਿਆ ਗਿਆ ਸੀ। ਇਸ ਦੇ **ਸਿੰਙ** - ਇਸ ਦੇ ਚਾਰਾਂ ਕੋਨਿਆਂ ਤੋਂ ਬਾਹਰ ਨੂੰ - ਵਧੇ ਹੋਏ ਸਨ ਅਤੇ ਇਸ ਦੇ ਸਿਖਰ ਦੇ ਚੁਫੇਰੇ ਇੱਕ **ਸੋਨੇ ਦੀ ਬਨੇਰੀ** ਸੀ। ਤੰਬੂ ਦੇ ਹੋਰ ਫਰਨੀਚਰ ਦੇ ਵਾਂਗ, ਜਗਵੇਦੀ ਤੇ, **ਕੜੇ** ਲੱਗੇ ਹੋਏ ਸਨ ਤਾਂ ਕਿ ਉਸ ਨੂੰ **ਚੋਬਾਂ** ਦੇ ਨਾਲ ਚੁੱਕਿਆ ਜਾ ਸਕੇ। ਇਸ ਦੇ ਨਿਰਮਾਣ ਦੇ ਨਿਰਦੇਸ਼ਾਂ ਵਿਚ ਇਸ ਦੇ ਸਥਾਨ ਅਤੇ ਇਸ ਦੇ ਇਸਤੇਮਾਲ ਦੇ ਵਿਸ਼ੇ ਵਿਚ ਨਿਰਦੇਸ਼ ਸ਼ਾਮਲ ਸਨ (30:6-10), ਪਰ ਇਸ ਦੇ ਬਣਾਏ ਜਾਣ ਦਾ ਖਾਤਾ ਸਿਰਫ ਇਹ ਦੱਸਦਾ ਹੈ ਕਿ ਇਸ ਨੂੰ ਬਣਾਇਆ ਗਿਆ ਸੀ। (30:1-10 ਤੇ ਟਿੱਪਣੀਆਂ ਵੇਖੋ।)



ਧੂਪ ਦੀ ਜਗਵੇਦੀ ਦਾ ਪ੍ਰਤਿਰੂਪ (ਤਿਮਨਾ ਪਾਰਕ, ਇਸਰਾਏਲ)

## ਪਵਿੱਤ੍ਰ ਤੇਲ ਅਤੇ ਨਿਰੋਲ ਸੁਗੰਧੀ ਧੂਪ (37:29)

**[29]ਉਸ ਨੇ ਮਸਹ ਕਰਨ ਦਾ ਪਵਿੱਤ੍ਰ ਤੇਲ ਅਤੇ ਨਿਰੋਲ ਸੁਗੰਧੀ ਧੂਪ ਨੂੰ ਗਾਂਧੀ ਦੇ ਕੰਮ ਅਨੁਸਾਰ ਬਣਾਇਆ।**

**ਆਇਤ 29.** ਅਧਿਆਇ ਇਹ ਕਹਿ ਕੇ ਖਤਮ ਹੁੰਦਾ ਹੈ ਕਿ **ਉਸ ਨੇ** [ਬਸਲਏਲ] **ਮਸਹ ਕਰਨ ਦਾ ਪਵਿੱਤ੍ਰ ਤੇਲ** ਅਤੇ **ਨਿਰੋਲ ਸੁਗੰਧੀ ਧੂਪ** ਨੂੰ ਬਣਾਇਆ। ਧੂਪ ਦੀ ਜਗਵੇਦੀ ਦੇ ਨਿਰਮਾਣ ਤੋਂ ਬਾਅਦ ਇਸ ਕਥਨ ਦਾ ਸਥਾਨ ਲਾਜ਼ਮੀ ਹੈ, ਕਿਉਂਕਿ ਧੂਪ ਦੀ ਜਗਵੇਦੀ ਉੱਤੇ "ਨਿਰੋਲ ਸੁਗੰਧੀ ਧੂਪ" ਨੂੰ ਸਾੜਿਆ ਜਾਂਦਾ ਸੀ। ਸੁਗੰਧਿਤ ਧੂਪ ਨੂੰ ਬਣਾਉਣ ਦਾ ਨੁਸਖਾ ਅਤੇ ਇਸ ਦੀ ਵਰਤੋਂ ਦੀਆਂ ਹਿਦਾਇਤਾਂ 30:34-38 ਵਿਚ ਪਾਏ ਜਾਂਦੇ ਹਨ।

# ਪ੍ਰਾਸੰਗਿਕਤਾ

### ਪਰਮੇਸ਼ੁਰ ਦੇ ਪਵਿੱਤਰ ਅਸਥਾਨ ਵਿਚ ਬਰਕਤਾਂ (ਅਧਿਆਇ 37)

ਡੇਰੇ ਦੇ ਫਰਨੀਚਰ ਦੇ ਬਣਾਏ ਜਾਣ ਦਾ ਵਰਣਨ ਕੂਚ 37 ਅਧਿਆਇ ਵਿਚ ਕੀਤਾ ਗਿਆ ਹੈ। ਕਿਉਂਕਿ ਮੂਸਾ ਦੀ ਸ਼ਰਾ "ਆਉਣ ਵਾਲੀਆਂ ਚੰਗੀਆਂ ਵਸਤਾਂ ਦਾ ਪਰਛਾਵਾਂ" ਸੀ (ਇਬਰਾਨੀਆਂ 10:1), ਇਹ ਕਹਿਣਾ ਜਾਇਜ਼ ਹੈ ਕਿ ਇਹ ਫਰਨੀਚਰ ਉਸ ਨਾਲ ਕਿਸ ਤਰ੍ਹਾਂ ਸੰਬੰਧ ਰੱਖਦਾ ਹੈ ਜਿਸ ਦੇ ਤਹਿਤ ਅਸੀਂ ਮਸੀਹੀ ਲੋਕ ਰਹਿੰਦੇ ਹਾਂ (ਇਬਰਾਨੀਆਂ 10:1)। ਕਲੀਸੀਆ ਅੱਜ ਪਰਮੇਸ਼ੁਰ ਦਾ ਪਵਿੱਤਰ ਅਸਥਾਨ ਹੈ। ਇਸ ਨੂੰ ਮਸੀਹ ਦੇ ਲਹੂ ਦੇ ਨਾਲ ਖਰੀਦਿਆ ਗਿਆ ਸੀ (ਰਸੂਲਾਂ ਦੇ ਕਰਤੱਬ 20:28) ਅਤੇ ਇਸ ਨੂੰ ਪਰਮੇਸ਼ੁਰ ਦੇ ਪਰਿਵਾਰ ਦੇ ਰੂਪ ਵਿਚ ਦਰਸਾਇਆ ਗਿਆ ਸੀ (1 ਤਿਮੋਥਿਉਸ 3:15)। ਇਸ ਦੀ ਤੁਲਨਾ ਹੈਕਲ ਜਾਂ ਤੰਬੂ ਦੇ ਨਾਲ ਕੀਤੀ ਜਾ ਸਕਦੀ ਹੈ (1 ਕੁਰਿੰਥੀਆਂ 3:16; ਅਫ਼ਸੀਆਂ 2:19-22)। ਕੀ ਅੱਜ ਅਸੀਂ ਕਲੀਸੀਆ ਵਿਚ ਅਜਿਹੀਆਂ ਚੀਜ਼ਾਂ ਨੂੰ ਪਾ ਸਕਦੇ ਹਾਂ ਜੋ ਅਸੀਂ ਉਸ ਸਮੇਂ ਤੰਬੂ ਵਿਚ ਪਾਉਂਦੇ ਹਾਂ?

*ਪਰਮੇਸ਼ੁਰ ਦੀ ਦਯਾ ਤੀਕ ਸਾਡੀ ਪਹੁੰਚ ਹੈ।* ਕੂਚ 37:1-9 ਨੇਮ ਦੇ ਸੰਦੂਕ ਦੇ ਬਣਾਏ ਦੇ ਵਿਸ਼ੇ ਵਿਚ ਦੱਸਦਾ ਹੈ ਅਤੇ ਫਿਰ ਪਰਾਸਚਿਤ ਦੇ ਸਰਪੋਸ਼ ਅਤੇ ਕਰੂਬੀਆਂ ਦੇ ਨਿਰਮਾਣ ਦਾ ਵਰਣਨ ਕਰਦਾ ਹੈ। ਇਹ ਅੱਤ ਪਵਿੱਤਰ ਸਥਾਨ ਦੇ ਸਮਾਨ ਸਨ, ਜਿੱਥੇ ਪਰਮੇਸ਼ੁਰ ਨੇ ਡੇਰਾ ਲਾਇਆ ਸੀ। ਸੰਦੂਕ ਨੇਮ ਦੀਆਂ ਪੱਟੀਆਂ ਦੇ ਲਈ ਭੰਡਾਰ ਦਾ ਕੰਮ ਕਰਦਾ ਹੈ। ਸੰਦੂਕ ਦੇ ਉੱਪਰ, ਪਰਾਸਚਿਤ ਦੇ ਸਰਪੋਸ਼ ਦੇ ਵਿਚਕਾਰ ਦੇ ਕਰੂਬੀ ਦੇ ਉੱਪਰ, ਮਹਾਂ ਜਾਜਕ ਲੋਕਾਂ ਦੇ ਪਾਪਾਂ ਦਾ ਪਰਾਸਚਿਤ ਕਰਨ ਦੇ ਲਈ ਲਹੂ ਛਿੜਕਦਾ ਹੁੰਦਾ ਸੀ। ਇਹ ਉਹ ਸਥਾਨ ਸੀ ਜਿੱਥੇ ਪਰਮੇਸ਼ੁਰ ਲੋਕਾਂ ਦੇ ਨਾਲ ਮਿਲਦਾ ਸੀ।

ਅੱਤ ਪਵਿੱਤਰ ਸਥਾਨ ਸਵਰਗ ਦੇ ਸਮਾਨ ਹੈ, ਉਹ ਸਥਾਨ ਜਿੱਥੇ ਪਰਮੇਸ਼ੁਰ ਰਹਿੰਦਾ ਹੈ। ਇਹ ਇੱਕ ਘਣ ਸੀ, ਅਤੇ ਪਰਕਾਸ਼ ਦੀ ਪੋਥੀ 21 ਅਧਿਆਇ ਵਿਚ ਸਵਰਗ ਇੱਕ ਘਣ ਦੇ ਰੂਪ ਵਿਚ ਇਸ ਦਾ ਚਿੱਤਰ ਖਿੱਚਿਆ ਗਿਆ ਹੈ। ਜਿਸ ਪ੍ਰਕਾਰ ਮਹਾਂ ਜਾਜਕ ਪਵਿੱਤਰ ਸਥਾਨ ਥਾਣੀ ਹੀ ਅੱਤ ਪਵਿੱਤਰ ਸਥਾਨ ਵਿਚ ਪ੍ਰਵੇਸ਼ ਕਰ ਸਕਦਾ ਸੀ, ਉਸੇ ਤਰ੍ਹਾਂ ਜਵਾਬਦੇਹ ਲੋਕ ਕਲੀਸੀਆ ਥਾਣੀ ਹੀ, ਜੋ ਬਚਾਏ ਗਏ ਲੋਕਾਂ ਦੇ ਰੂਪ ਵਿਚ ਮਸੀਹ ਦੀ ਦੇਹੀ ਹਨ ਸਵਰਗ ਵਿਚ ਪ੍ਰਵੇਸ਼ ਕਰ ਸਕਦੇ ਹਨ (ਅਫ਼ਸੀਆਂ 5:23)। ਅੱਤ ਪਵਿੱਤਰ ਸਥਾਨ ਦਾ ਫਰਨੀਚਰ ਦਾ ਸਮਾਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਜੋ ਲੋਕ ਕਲੀਸੀਆ ਵਿਚ ਹਨ ਉਨ੍ਹਾਂ ਦੀ ਪਹੁੰਚ ਪਰਮੇਸ਼ੁਰ ਦੀ ਦਯਾ ਤਕ ਹੈ। ਮਸੀਹੀਆਂ ਦੇ ਰੂਪ ਵਿਚ, ਅਸੀਂ ਮਸੀਹ ਦੇ ਪਰਾਸਚਿਤ ਦੇ ਲਹੂ ਦੇ ਨਾਲ ਸ਼ੁੱਧ ਹੋ ਗਏ ਹਾਂ ਅਤੇ

ਪਰਮੇਸ਼ੁਰ ਦੇ ਲਈ ਇੱਕ ਨੇਮ ਵਿਚ ਬੰਨ੍ਹੇ ਗਏ ਹਾਂ।

*ਮਸੀਹੀ ਹੋਣ ਦੇ ਨਾਤੇ ਸਾਡੇ ਕੋਲ ਇੱਕ ਮੇਜ਼, ਇੱਕ ਰੌਸ਼ਨੀ, ਅਤੇ ਪ੍ਰਾਰਥਨਾ ਹੈ।* ਪਵਿੱਤਰ ਸਥਾਨ ਵਿਚ ਤਿੰਨ ਕਿਸਮ ਦਾ ਫਰਨੀਚਰ ਸੀ: ਇੱਕ ਮੇਜ਼, ਇੱਕ ਧੂਪਦਾਨ, ਅਤੇ ਧੂਪ ਦੀ ਇੱਕ ਜਗਵੇਦੀ।

ਕੂਚ 37:10-16 ਵਿਚ ਹਜ਼ੂਰੀ ਦੀ ਰੋਟੀ ਦੀ ਮੇਜ਼ ਦੇ ਨਿਰਮਾਣ ਦੇ ਨਾਲ ਸੰਬੰਧਤ ਹੈ। ਮੇਜ਼ ਤੇ ਹਮੇਸ਼ਾ ਬਾਰਾਂ "ਹਜ਼ੂਰੀ ਦੀਆਂ ਰੋਟੀਆਂ" ਹੁੰਦੀਆਂ ਸਨ (ਕੂਚ 25:30)। ਬਾਰਾਂ ਰੋਟੀਆਂ ਸ਼ਾਇਦ ਇਸਰਾਏਲ ਦਿਆਂ ਬਾਰਾਂ ਗੋਤਾਂ ਨੂੰ ਦਰਸਾਉਂਦੀਆਂ ਸਨ, ਅਤੇ ਮੇਜ਼ ਦੇ ਉੱਤੇ ਉਨ੍ਹਾਂ ਦੀ ਮੌਜੂਦਗੀ ਸ਼ਾਇਦ ਇਹ ਦਰਸਾਉਂਦੀ ਹੋਵੇ ਕਿ ਉਹ ਪਰਮੇਸ਼ੁਰ ਦੇ ਲੋਕ ਸਨ। ਕਲੀਸੀਆ ਵਿਚ, ਮਸੀਹੀਆਂ ਦੇ ਕੋਲ ਇੱਕ ਮੇਜ਼ ਵੀ ਹੈ, ਪ੍ਰਭੂ ਦੀ ਮੇਜ਼ (1 ਕੁਰਿੰਥੀਆਂ 10:21)। ਪ੍ਰਭੂ ਭੋਜ ਹਜ਼ੂਰੀ ਦੀ ਮੇਜ਼ ਦੇ ਸਮਾਨ ਕਾਰਜ ਨਹੀਂ ਕਰਦਾ ਹੈ, ਪਰ ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਅਸੀਂ ਇੱਕ ਹਾਂ ਅਤੇ ਅਸੀਂ ਸਾਰੇ ਮਸੀਹ ਦੇ ਹਾਂ।

ਅੱਗੇ, ਕੂਚ 37:17-24 ਦੱਸਦਾ ਹੈ ਕਿ ਸ਼ਮਾਦਾਨ ਨੂੰ ਕਿਵੇਂ ਬਣਾਇਆ ਗਿਆ ਸੀ। ਸੋਨੇ ਦੇ ਸ਼ਮਾਦਾਨ ਦੀਆਂ ਛੇ ਟਹਿਣੀਆਂ ਸਨ ਅਤੇ ਇਸ ਦੇ ਕੇਂਦਰੀ ਤਣੇ ਦੇ ਨਾਲ, ਸੱਤ ਦੀਪਕ ਲੱਗੇ ਹੋਏ ਸਨ। ਇਹ ਸੱਤ ਦੀਪਕ ਹਰ ਸਮੇਂ ਬਲਦੇ ਰਹਿੰਦੇ ਸਨ; ਤੰਬੂ ਵਿਚ ਸਿਰਫ ਉਨ੍ਹਾਂ ਨੇ ਪ੍ਰਕਾਸ਼ ਪ੍ਰਦਾਨ ਕੀਤਾ ਸੀ। ਸੰਕੇਤਕ ਤੌਰ ਤੇ, ਸ਼ਮਾਦਾਨ ਨੇ ਸ਼ਾਇਦ ਇੱਕ ਯਾਦਗਾਰ ਦੇ ਰੂਪ ਵਿਚ ਕੰਮ ਕੀਤਾ ਹੋ ਸਕਦਾ ਹੈ ਕਿ ਸਿਰਫ ਪਰਮੇਸ਼ੁਰ ਹੀ ਪ੍ਰਕਾਸ਼ ਪ੍ਰਦਾਨ ਕਰ ਸਕਦਾ ਹੈ - ਉੱਪਰ ਤੋਂ ਰੌਸ਼ਨੀ ਜਿਸ ਦੀ ਇਸਰਾਈਲ ਨੂੰ ਨਿਰੰਤਰ ਲੋੜ ਸੀ ਤਾਂਕਿ ਉਹ ਹੋਂਦ ਵਿਚ ਰਹਿ ਸਕੇ। ਇਸੇ ਤਰ੍ਹਾਂ, ਕਲੀਸੀਆ ਵਿਚ, ਮਸੀਹੀਆਂ ਦੇ ਕੋਲ ਪਰਮੇਸ਼ੁਰ ਦੇ ਵੱਲੋਂ ਮਿਲੀ ਹੋਈ ਰੌਸ਼ਨੀ ਹੈ, ਜੋ ਉੱਪਰ ਤੋਂ ਹੈ। ਮਸੀਹ ਨੂੰ "ਜਗਤ ਦਾ ਚਾਨਣ" ਕਿਹਾ ਗਿਆ ਹੈ (ਯੂਹੰਨਾ 8:12)। ਪਰਮੇਸ਼ੁਰ ਦਾ ਵਚਨ ਕਲੀਸੀਆ ਨੂੰ ਚਾਨਣ ਦਿੰਦਾ ਹੈ (ਵੇਖੋ ਜ਼ਬੂਰਾਂ 119:105)। ਉਸ ਦੇ ਮਾਰਗ ਦਰਸ਼ਣ ਤੋਂ ਬਿਨਾਂ, ਅਸੀਂ ਲਗਾਤਾਰ ਉਸ ਦੀ ਕਲੀਸੀਆ ਬਣੇ ਨਹੀਂ ਰਹਿ ਸਕਦੇ ਹਾਂ।

ਤੀਸਰਾ, ਕੂਚ 37:25-28 ਧੂਪ ਦੀ ਜਗਵੇਦੀ ਦੇ ਬਣਾਏ ਜਾਣ ਦੇ ਬਾਰੇ ਦੱਸਿਆ ਗਿਆ ਹੈ। ਇਸ ਜਗਵੇਦੀ ਤੇ, ਸਵੇਰੇ ਅਤੇ ਸ਼ਾਮ ਧੂਪ ਜਲਾਈ ਜਾਂਦੀ ਸੀ। ਨਤੀਜੇ ਵਜੋਂ, ਡੇਹਰਾ ਹਮੇਸ਼ਾ ਮਿੱਠੀ ਸੁਗੰਧ ਦੇ ਨਾਲ ਭਰਿਆ ਹੁੰਦਾ ਸੀ। ਨਿਸ਼ਚਿਤ ਤੌਰ ਤੇ, ਧੂਪ ਦੀ ਖ਼ੁਸ਼ਬੂ ਅੱਤ ਪਵਿੱਤਰ ਸਥਾਨ ਵਿਚ ਵੀ ਪਹੁੰਚ ਗਈ, ਤਾਂ ਕਿ ਇਹ ਪ੍ਰਭੂ ਨੂੰ ਮਨਭਾਉਂਦੀ ਖੁਸ਼ਬੂ ਪੇਸ਼ ਕਰੇ। ਮਸੀਹੀ ਜੁੱਗ ਵਿਚ, ਧੂਪ ਪ੍ਰਾਰਥਨਾ ਨੂੰ ਦਰਸਾਉਂਦੀ ਹੈ। ਪਰਕਾਸ਼ ਦੀ ਪੋਥੀ 8:3, 4, ਧੂਪ ਨੂੰ "ਸੰਤਾਂ ਦੀਆਂ ਪ੍ਰਾਰਥਨਾਂ" ਦੇ ਨਾਲ ਜੋੜਿਆ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਸਾਡੀਆਂ ਪ੍ਰਾਰਥਨਾਵਾਂ ਪਰਮੇਸ਼ੁਰ ਦੇ ਸਿੰਘਾਸਣ ਤੇ ਪਹੁੰਚਦੀਆਂ ਹਨ। ਸਾਡੇ ਸੇਵਾ ਦੇ ਜੀਵਨ ਉਸ ਦੇ ਸਾਹਮਣੇ ਇੱਕ ਮਿੱਠੀ ਸੁਗੰਧ ਵੀ ਹੋ ਸਕਦੇ ਹਨ (ਵੇਖੋ 2 ਕੁਰਿੰਥੀਆਂ 2:14, 15; ਫ਼ਿਲਿੱਪੀਆਂ 4:18)।

*ਸਿੱਟਾ।* ਕਲੀਸੀਆ ਵਿਚ, ਇੱਕ ਪਵਿੱਤਰ ਅਸਥਾਨ ਦੇ ਰੂਪ ਵਿਚ, ਸਾਡੇ ਕੋਲ ਇੱਕ ਮੇਜ਼ ਅਤੇ ਇੱਕ ਰੌਸ਼ਨੀ ਹੈ। ਸਾਨੂੰ ਪਰਮੇਸ਼ੁਰ ਦੇ ਸਾਹਮਣੇ ਇੱਕ ਸੁਗੰਧਿਤ ਧੂਪ ਪੇਸ਼ ਕਰਨ ਦਾ ਵਿਸ਼ੇਸ਼ ਮਾਣ ਜੋ ਉਸ ਦੀ ਹਜ਼ੂਰੀ ਵਿਚ ਪ੍ਰਵੇਸ਼ ਕਰਦਾ ਹੈ। ਕਲੀਸੀਆ ਦੇ ਦੁਆਰਾ, ਸਾਡੀ ਪਰਮੇਸ਼ੁਰ ਤੱਕ ਪਹੁੰਚ ਹੈ, ਉਸ ਦੀ ਕਿਰਪਾ, ਅਤੇ ਨਵੇਂ ਨੇਮ ਦੇ ਲਾਭਾਂ ਤਕ ਪਹੁੰਚ ਪ੍ਰਾਪਤ ਕਰ ਸਕਦੇ ਹਾਂ। ਇਹ ਬਰਕਤਾਂ *ਸਿਰਫ* ਉਨ੍ਹਾਂ ਦੇ ਲਈ ਹੀ ਮੁਹੱਈਆ ਕੀਤੀਆਂ ਜਾਂਦੀਆਂ ਹਨ ਜੋ ਕਲੀਸੀਆ ਦੇ ਵਿਚ ਹਨ।

## ਤੰਬੂ ਵਿਚ ਪਵਿੱਤਰ ਚੀਜ਼ਾਂ (ਅਧਿਆਇ 37)

ਜਿਵੇਂ ਦਸਾਂ ਹੁਕਮਾਂ ਵਿਚੋਂ ਹਰ ਇੱਕ ਦੇ ਉੱਤੇ ਉਪਦੇਸ਼ ਦਿੱਤਾ ਜਾ ਸਕਦਾ ਹੈ, ਉਸੇ ਤਰ੍ਹਾਂ ਕੋਈ ਵਿਅਕਤੀ ਤੰਬੂ ਵਿਚ ਪਾਈ ਜਾਣ ਵਾਲੀ ਅਤੇ ਵਰਤੀ ਜਾਣ ਵਾਲੀ ਹਰ ਇੱਕ ਚੀਜ਼ ਤੇ ਪ੍ਰਚਾਰ ਕਰ ਸਕਦਾ ਹੈ। ਉਦਾਹਰਣ ਦੇ ਲਈ, ਕੋਈ "ਪਰਾਸਚਿਤ ਦੇ ਸਰਪੋਸ਼" ਉੱਤੇ ਉਪਦੇਸ਼ ਦੇ ਸਕਦਾ ਹੈ ਅਤੇ ਵਰਣਨ ਕਰ ਸਕਦਾ ਹੈ ਕਿ ਅੱਜ ਲੋਕ ਕਿਵੇਂ ਦਯਾ ਨੂੰ ਹਾਸਲ ਕਰ ਸਕਦੇ ਹਨ। "ਹਜ਼ੂਰੀ ਦੀ ਰੋਟੀ ਦੀ ਮੇਜ਼" ਦੇ ਵਿਸ਼ੇ ਵਿਚ ਇੱਕ ਉਪਦੇਸ਼ "ਪ੍ਰਭੂ ਭੋਜ" ਜਾਂ "ਜੀਵਨ ਦੀ ਰੋਟੀ" ਦੇ ਰੂਪ ਵਿਚ ਮਸੀਹ ਤੇ ਧਿਆਨ ਕੇਂਦਰਿਤ ਕਰ ਸਕਦਾ ਹੈ। "ਧੂਪ ਦੀ ਜਗਵੇਦੀ" ਦੇ ਵਿਸ਼ੇ ਵਿਚ ਇੱਕ ਉਪਦੇਸ਼ ਮਸੀਹੀਆਂ ਨੂੰ ਨਿਰੰਤਰ ਪ੍ਰਾਰਥਨਾ ਕਰਨ ਦੀ ਲੋੜ ਦੇ ਵਿਸ਼ੇ ਵਿਚ ਦੱਸ ਸਕਦਾ ਹੈ, ਜਿਵੇਂ ਸਵੇਰੇ ਅਤੇ ਸ਼ਾਮ ਸੋਨੇ ਦੀ ਜਗਵੇਦੀ ਤੇ ਧੂਪ ਧੁਖਾਇਆ ਜਾਂਦਾ ਸੀ। "ਸ਼ਮਾਦਾਨ" ਨੂੰ ਪੇਸ਼ ਕਰਨ ਵਿਚ, ਕੋਈ "ਜਗਤ ਦੇ ਚਾਨਣ" ਦੇ ਰੂਪ ਵਿਚ ਮਸੀਹ ਤੇ ਚਰਚਾ ਕਰ ਸਕਦਾ ਹੈ ਜਾਂ ਪਰਮੇਸ਼ੁਰ ਦੇ ਵਚਨ ਦੇ ਦੁਆਰਾ ਕਲੀਸੀਆ ਨੂੰ ਚਾਨਣ ਦਿੱਤੇ ਗਏ ਪ੍ਰਕਾਸ਼ ਦੇ ਵਿਸ਼ੇ ਵਿਚ ਗੱਲ ਕਰ ਸਕਦਾ ਹੈ।

### ਸੋਨੇ ਦੇ ਬਰਤਨ (37:16)

ਡੇਰੇ ਦੇ ਭਾਂਡੇ ਸ਼ੁੱਧ ਸੋਨੇ ਦੇ ਬਣੇ ਹੋਏ ਸਨ। ਜੇਕਰ ਡੇਹਰਾ ਕਲੀਸੀਆ ਦੇ ਸਮਾਨ ਹੈ, ਤਾਂ ਵਿਅਕਤੀਗਤ ਮਸੀਹੀਆਂ ਦੀ ਤੁਲਨਾ ਉਨ੍ਹਾਂ ਭਾਂਡਿਆਂ ਜਾਂ ਸਮੱਗਰੀ ਦੇ ਨਾਲ ਕੀਤੀ ਜਾ ਸਕਦੀ ਹੈ ਜਿਨ੍ਹਾਂ ਦੇ ਦੁਆਰਾ ਜਗਵੇਦੀ ਨੂੰ ਬਣਾਇਆ ਗਿਆ ਸੀ। ਪਰਮੇਸ਼ੁਰ ਦੇ ਲੋਕ ਅੰਦਰੂਨੀ ਤੌਰ ਤੇ "ਸੁਨਹਿਰੀ" ਹਨ; ਅਸੀਂ ਬਹੁਤ ਹੀ ਕੀਮਤੀ ਹਾਂ। ਪਰ, ਇਹ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਆਪਣੇ ਮੁੱਲ ਨੂੰ ਸਮਝਦੇ ਹਾਂ ਕਿ ਨਹੀਂ। ਆਓ ਅਸੀਂ ਇਸ ਗੱਲ ਨੂੰ ਨਿਸ਼ਚਤ ਕਰੀਏ ਕਿ ਅਸੀਂ ਜੀਵੀਏ ਤਾਂ ਕਿ ਅਸੀਂ ਸੋਨੇ ਦੇ ਭਾਂਡਿਆਂ ਦੇ ਵਾਂਗ ਹੋਈਏ ਜੋ ਪਰਖਣ ਵਾਲੀ ਅੱਗ ਦੇ ਸਾਹਮਣੇ ਖੜੇ ਰਹਿ ਸਕਦੇ ਹਨ (1 ਕੁਰਿੰਥੀਆਂ 3:13; 1 ਪਤਰਸ 1:7) ਅਤੇ ਆਦਰ ਦੇ ਲਈ ਬਣਾਏ ਗਏ ਹਨ (2 ਤਿਮੋਥਿਉਸ 2:20, 21)।

### ਸ਼ਮਾਦਾਨ ਅਤੇ ਮੰਡਲੀ (37:17-24)

ਪਰਕਾਸ਼ ਦੀ ਪੋਥੀ 1:20 ਵਿਚ ਸੱਤਾਂ ਕਲੀਸੀਆਵਾਂ ਦੀ ਤੁਲਨਾ ਸ਼ਮਾਦਾਨਾਂ ਦੇ ਨਾਲ ਕੀਤੀ ਗਈ ਹੈ। ਜਿਵੇਂ ਡੇਹਰੇ ਵਿਚਲਾ ਸ਼ਮਾਦਾਨ ਪਵਿੱਤਰ ਸਥਾਨ ਦੇ ਲਈ ਚਾਨਣ ਪ੍ਰਦਾਨ ਕਰਦਾ ਹੈ, ਉਸੇ ਤਰ੍ਹਾਂ ਸਥਾਨਕ ਮੰਡਲੀਆਂ ਨੂੰ ਉਨ੍ਹਾਂ ਲੋਕਾਂ ਦੇ ਲਈ ਰੱਬੀ ਪ੍ਰਕਾਸ਼ ਹੋਣਾ ਚਾਹੀਦਾ ਹੈ ਜੋ ਉਨ੍ਹਾਂ ਦੀਆਂ ਮੰਡਲੀਆਂ ਵਿਚ ਹਨ। ਕੋਈ ਵੀ ਸ਼ਮਾਦਾਨ ਜੋ ਆਪਣੇ ਕੰਮ ਨੂੰ ਕਰਨ ਵਿਚ ਨਾਕਾਮ ਰਹਿੰਦਾ ਹੈ ਉਸ ਨੂੰ ਆਪਣੇ ਸਥਾਨ ਤੋਂ ਹਟਾਏ ਜਾਣ ਦਾ ਖਤਰਾ ਹੁੰਦਾ ਹੈ (ਪਰਕਾਸ਼ ਦੀ ਪੋਥੀ 2:5)।

---

ਟਿੱਪਣੀਆਂ

[1]ਵਿਲਬਰ ਫੀਲਡ, *ਐਕਸਪਲੋਰਿੰਗ ਐਕਸੋਡਸ,* ਬਾਈਬਲ ਸਟੱਡੀ ਟੈਕਸਟਬੁੱਕ ਸੀਰੀਜ਼ (ਜੋਪਲਿਨ, ਮਿਸੌਰੀ: ਕਾਲਜ ਪ੍ਰੈੱਸ, 1976), 767. ਇਹ ਕਹਿਣਾ ਕਿ ਸਾਜ਼-ਸਾਮਾਨ ਵਧੇਰੇ ਮਹੱਤਵਪੂਰਣ ਹੈ ਇਹ ਨਹੀਂ ਕਹਿੰਦਾ ਕਿ ਤੰਬੂ ਆਪ ਮਹੱਤਵਹੀਣ ਸੀ। [2]ਜੌਨ ਆਈ. ਡਰਹਮ, *ਐਕਸੋਡਸ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 480.